ਪੰਜਾਬੀ ਸ਼ਬਦ-ਜੋੜਾਂ ਦੇ ਮੋਟੇ ਮੋਟੇ ਨੇਮ

ਪ੍ਰੋ: ਕਰਤਾਰ ਸਿੰਘ

ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬੀ ਬੋਲੀ ਪੰਜਾਬ ਦੀ ਰਾਜ ਭਾਸ਼ਾ (ਸਰਕਾਰੀ ਬੋਲੀ) ਬਣ ਗਈ ਹੈ ਤੇ ਇਸ ਨੂੰ ਉੱਨਤ ਕਰਨ ਦੇ ਜਤਨ ਹੋ ਰਹੇ ਹਨ। ਪਰ ਜਾਣਕਾਰ ਸੱਜਣ ਜਾਣਦੇ ਹਨ ਕਿ ਪੰਜਾਬੀ ਦੇ ਉੱਨਤ ਹੋ ਕੇ ਟਕਸਾਲੀ ਰੂਪ ਧਾਰਨ ਦੇ ਰਾਹ ਵਿਚ ਵੱਡਾ ਰੋੜਾ ਇਹ ਹੈ ਕਿ ਇਸ ਦੇ ਸ਼ਬਦ-ਜੋੜਾਂ ਵਿਚ ਇਕਸਾਰਤਾ ਦੀ ਅਣਹੋਂਦ ਹੈ। ਇਹ ਤਾਂ ਠੀਕ ਹੈ ਕਿ ਚੋਖੇ ਸ਼ਬਦ ਅਜੇਹੇ ਹਨ ਜਿਨ੍ਹਾਂ ਦੇ ਜੋੜ ਮੁੱਢ-ਕਦੀਮਾਂ ਤੋਂ ਬੱਝਵੇਂ ਆ ਰਹੇ ਹਨ, ਪਰ ਕੁਝ ਸ਼ਬਦ ਅਜੇਹੇ ਵੀ ਹਨ ਜਿਨ੍ਹਾਂ ਨੂੰ ਵੱਖ ਵੱਖ ਲਿਖਾਰੀ ਵੱਖ ਵੱਖ ਜੋੜਾਂ ਨਾਲ ਲਿਖਦੇ ਹਨ, ਨਹੀਂ ਸਗੋਂ ਕਈ ਵੇਰ ਇਕੋ ਲਿਖਾਰੀ ਆਪਣੀ ਇੱਕੋ ਰਚਨਾ ਵਿਚ ਇਨ੍ਹਾਂ ਸ਼ਬਦਾਂ ਦੇ ਭਿੰਨ ਭਿੰਨ ਜੋੜ ਲਿਖ ਮਾਰਦਾ ਹੈ। ਮਿਸਾਲ ਵਜੋਂ, ਇਕ ਵਿਦਵਾਨ ਲਿਖਾਰੀ ਆਪਣੀ ਇਕ ਲਿਖਤ ਵਿਚ 'ਸੁਭਾ ਸੁਭਾਉ, ਸੁਭਾਅ, ਸੁਭਾਵ'; 'ਜੇਹਾ, ਜਿਹਾ, ਜਹਾ'; 'ਪਰਗਟ, ਪ੍ਰਗਟ'; 'ਪਰਚਲਤ, ਪਰਚਲਿਤ, ਪ੍ਰਚਲਤ, ਪ੍ਰਚਲਿਤ' ਜੋੜ ਵਰਤਦਾ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਰਚੇ 'ਪੰਜਾਬੀ ਕੋਸ਼' ਵਿਚ 'ਕਠਾ, ਇਕਠਾ', 'ਕੱਲਾ, ਅਕੱਲਾ, ਇਕੱਲਾ', 'ਸਨਾਨ, ਅਸ਼ਨਾਨ, ਇਸ਼ਨਾਨ', 'ਸਤਰੀ, ਇਸਤ੍ਰੀ, ਇਸਤਰੀ' ਆਦਿ ਭਿੰਨ ਭਿੰਨ ਜੋੜ ਦਿੱਤੇ ਹਨ ਤੇ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ ਵਿਚੋਂ ਕਿਹੜਾ ਠੀਕ ਤੇ ਪਰਮਾਣੀਕ ਮੰਨਣਾ ਚਾਹੀਦਾ ਹੈ।

ਇਸ ਕਰਕੇ ਇਹ ਜ਼ਰੂਰੀ ਹੈ ਕਿ ਅਜੇਹੇ ਸ਼ਬਦਾਂ ਦੇ ਜੋੜ ਇਕਸਾਰ ਕੀਤੇ ਜਾਣ। ਪਰ ਨਾਲ ਹੀ ਇਹ ਗੱਲ ਵੀ ਚੇਤੇ ਰੱਖਣੀ ਜ਼ਰੂਰੀ ਹੈ ਕਿ ਜਿਨ੍ਹਾਂ ਸ਼ਬਦਾਂ ਦੇ ਜੋੜ ਸਦੀਆਂ ਤੋਂ ਬੱਝੇ ਆ ਰਹੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਪਰਚਲਤ ਜੋੜਾਂ ਸਹਿਤ ਹੀ ਲਿਖਿਆ ਜਾਵੇ। ਭਾਰਤ ਵਿਚ ਹਿੰਦੀ ਹਠਧਰਮੀਆਂ ਦਾ ਬੋਲ ਬਾਲਾ ਹੋ ਜਾਣ ਤੇ ਉਨ੍ਹਾਂ ਵੱਲੋਂ ਗੁਪਤ ਪਰਗਟ, ਸਿੱਧੇ ਵਿੰਗੇ, ਢੰਗਾਂ ਨਾਲ ਪੰਜਾਬੀ ਦਾ ਹੁਲੀਆ ਵਿਗਾੜਿਆ ਜਾ ਰਿਹਾ ਹੈ, ਅਤੇ ਪੰਜਾਬੀ ਬੋਲੀ ਦੇ ਉਸਰਈਏ ਹੋਣ ਦਾ ਦਾਹਵਾ ਕਰਨ ਵਾਲੇ ਕੁੱਝ ਸੱਜਣ ਉਨ੍ਹਾਂ ਦੀ ਇਸ ਮੁਹਿੰਮ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਇਕ ਗੱਲ ਉਹ ਇਹ ਕਰ ਰਹੇ ਹਨ ਕਿ ਪੰਜਾਬੀ ਦੇ ਮੁੱਢ-ਕਦੀਮਾਂ ਤੋਂ ਬੱਝੇ ਤੇ ਪਰਚਲਤ ਸ਼ਬਦ-ਜੋੜਾਂ ਨੂੰ ਰੱਦ ਕਰ ਕੇ ਉਨ੍ਹਾਂ ਦੀ ਥਾਂ ਹਿੰਦੀ ਵਾਲੇ ਸ਼ਬਦ-ਜੋੜ ਚਾਲੂ ਕਰ ਰਹੇ ਹਨ। ਇਸ ਚਾਲ ਤੋਂ ਬਚਣ ਦੀ ਲੋੜ ਹੈ।

ਮੁੱਢਲਾ ਨੇਮ

ਪੰਜਾਬੀ ਲਿਖਤ ਦਾ ਵੱਡਾ ਅਤੇ ਸਦੀਆਂ ਤੋਂ ਮੰਨਿਆ ਆ ਰਿਹਾ ਨੇਮ ਇਹ ਹੈ 'ਜਿਵੇਂ

Digitized by Panjab Digital Library | www.panjabdigilib.org

ਬੋਲੋ ਤਿਵੇਂ ਲਿਖੋ'। ਪੰਜਾਬੀ ਵਿਚ ਹਿੰਦੀ ਵਾਕੁਰ ਡਿਓਢੀਆਂ ਤੇ ਸਵਾਈਆਂ ਅਵਾਜ਼ਾਂ ਨਹੀਂ ਹੁੰਦੀਆਂ। ਪਰ ਸ਼ਬਦਾਂ ਦਾ ਉਚਾਰਣ ਤਾਂ ਇਲਾਕੇ ਇਲਾਕੇ ਵਿਚ ਕੁਝ ਨਾ ਕੁਝ ਵੱਖਰਾ ਜਿਹਾ ਹੁੰਦਾ ਹੈ। ਬੋਲ-ਚਾਲ ਦੀ ਬੋਲੀ ਤਾਂ ਬਾਰੀਂ ਕੋਹੀਂ ਬਦਲ ਜਾਂਦੀ ਹੈ। ਕਿਹੜੇ ਥਾਂ ਦੇ ਉਚਾਰਨ ਨੂੰ ਸ਼ਬਦ-ਜੋੜਾਂ ਦਾ ਅਧਾਰ ਮੰਨਿਆ ਜਾਵੇ ? ਇਸ ਔਕੜ ਨੂੰ ਮੁਖ ਰੱਖ ਕੇ ਲਿਖਤੀ ਪੰਜਾਬੀ ਬੋਲੀ ਦਾ ਅਧਾਰ ਮਾਝੇ ਦਾ ਇਲਾਕਾ ਮੰਨਿਆ ਗਿਆ ਹੈ ਤੇ ਚਿਰਾਂ ਤੋਂ ਮੰਨਿਆ ਆ ਰਿਹਾ ਹੈ। ਮਾਝੇ* ਦੀ ਬੋਲੀ ਠੇਠ ਪੰਜਾਬੀ ਗਿਣੀ ਮੰਨੀ ਜਾਂਦੀ ਹੈ ਤੇ ਸ਼ਬਦਾਂ ਦਾ ਉਹ ਉਚਾਰਣ ਠੇਠ ਤੇ ਠੀਕ ਮੰਨਿਆ ਜਾਂਦਾ ਹੈ ਜਿਹੜਾ ਮਾਝੇ ਵਿਚ ਪਰਚਲਤ ਹੋਵੇ।

ਪਰ ਮਾਝਾ ਚੋਖਾ ਲੰਮਾ ਚੌੜਾ ਇਲਾਕਾ ਹੈ। 'ਬੋਲੀ ਬਾਰੀਂ ਕੋਹੀਂ, ਬਦਲ ਜਾਂਦੀ ਹੈ' ਵਾਲਾ ਨੇਮ ਇਥੇ ਵੀ ਕੰਮ ਕਰਦਾ ਹੈ। ਇਸ ਕਰਕੇ ਠੇਠ ਪੰਜਾਬੀ ਦਾ ਆਧਾਰ ਮਾਝੇ ਦਾ ਉਹ ਉਚਾਰਣ ਮੰਨਿਆ ਜਾਂਦਾ ਹੈ ਜਿਹੜਾ ਸੂਝ ਬੂਝ ਵਾਲੇ ਸਾਊਆਂ ਸਿਆਣਿਆਂ ਮਝੈਲਾਂ ਵਿਚ ਪਰਚਲਤ ਹੋਵੇ।

ਉਪਰ ਦੱਸੇ ਦੋਹਾਂ ਨੇਮਾਂ—'ਜਿਵੇਂ ਬੋਲੋ ਤੇ ਤਿਵੇਂ ਲਿਖੋ', ਤੇ ਮਾਝੇ ਦੇ ਸੂਝ ਬੂਝ ਵਾਲੇ ਸਾਊਆਂ ਸਿਆਣਿਆਂ ਦੇ ਉਚਾਰਨ ਨੂੰ ਠੇਠ ਲਿਖਤ ਦਾ ਆਧਾਰ ਬਣਾਓ—ਨੂੰ ਆਧਾਰ ਬਣਾ ਕੇ ਕਿਸੇ ਸ਼ਬਦ ਨੂੰ ਅੰਤਮ ਤੌਰ 'ਤੇ ਟਕਸਾਲੀ ਮੰਨਣ ਲਈ ਇਹ ਖਿਆਲ ਜ਼ਰੂਰ ਰੱਖਣਾ ਪੈਂਦਾ ਹੈ ਕਿ ਹਰੇਕ ਸ਼ਬਦ ਅਰਥ-ਭੇਦ ਕਰਕੇ ਆਪਣੇ ਅਸਲੇ ਦਾ ਲਖਾਇਕ ਰਹੇ। ਮਿਸਾਲ ਵਜੋਂ ਅਸੀਂ ਬੋਲਦੇ ਤਾਂ ਬੇਸ਼ਕ 'ਅਕਤਾਲੀ, ਅਕੱਲਾ, ਅਕੱਠਾ' ਹਾਂ, ਪਰ ਵਿਦਵਾਨ ਇਨ੍ਹਾਂ ਨੂੰ ਲਿਖਤ ਵਿਚ 'ਇਕਤਾਲੀ, ਇਕੱਲਾ, ਇਕੱਠਾ' ਲਿਖਣਾ ਪਰਵਾਨ ਕਰਦੇ ਹਨ, ਕਿਉਂਕਿ ਇਨ੍ਹਾਂ ਦਾ ਮੁੱਢਲਾ ਹਿੱਸਾ 'ਇਕ' ਤੋਂ ਬਣਿਆ ਹੈ, 'ਅਕ' ਤੋਂ ਨਹੀਂ।

ਤਾਂ ਤੇ ਪੰਜਾਬੀ ਸ਼ਬਦ-ਜੋੜਾਂ ਨੂੰ ਟਕਸਾਲੀ ਕਰਨ ਵਾਸਤੇ ਤਿੰਨਾਂ ਗੱਲਾਂ ਦਾ ਖਿਆਲ ਰੱਖਣਾ ਜ਼ਰੂਰੀ ਬਣਦਾ ਹੈ : (1) ਉਚਾਰਣ, (2) ਮਾਝੇ ਦੇ ਉਚਾਰਣ ਦੀ ਪਰਧਾਨਤਾ, ਤੇ (3) ਸ਼ਬਦ ਦੇ ਅਸਲੇ ਤੇ ਅਰਥ ਬਾਰੇ ਵਿਦਵਾਨਾਂ ਦੀ ਵਰਤੋਂ। ਇਨ੍ਹਾਂ ਕਸਵੱਟੀਆਂ ਉਤੇ ਪੂਰੀ ਉਤਰਨ ਵਾਲੀ ਲਿਖਤ ਨੂੰ ਹੀ ਸ਼ੁੱਧ ਤੇ ਠੇਠ ਪੰਜਾਬੀ ਮੰਨਿਆ ਜਾਂਦਾ ਹੈ।

ਸ਼ਬਦ-ਜੋੜ :

(1) **ਲਗਾਂ** :—ਲਗਾਂ ਬਾਰੇ ਖਾਸ ਧਿਆਨ-ਯੋਗ ਗੱਲ ਇਹ ਹੈ ਕਿ 'ੳ, ਅ, ੲ' ਵਿਚੋਂ ਮੁਕਤਾ, ਕੰਨਾ, ਦੁਲਾਈਆਂ, ਤੇ ਕਨੌੜਾ ਅਖਰ 'ਅ' ਨਾਲ; ਸਿਹਾਰੀ, ਬਿਹਾਰੀ, ਤੇ ਲਾਂ 'ੲ' ਨਾਲ; ਅਤੇ ਔਂਕੜ, ਦੁਲੈਂਕੜੇ, ਤੇ ਹੋੜਾ 'ੳ' ਨਾਲ ਲਗਦੇ ਹਨ। ਇਨ੍ਹਾਂ ਤਿੰਨਾਂ ਅੱਖਰਾਂ ਨਾਲ ਲਗਾਂ ਇਹੋ ਇਹੋ ਹੀ ਲਾਉਣੀਆ ਜ਼ਰੂਰੀ ਹਨ, ਨਹੀਂ ਤਾਂ ਸ਼ਬਦ-ਜੋੜ ਅਸ਼ੁਧ ਹੋ ਜਾਣਗੇ।

(2) **ਦੁਤ ਅੱਖਰ** :—ਦੋਂਹ ਅੱਖਰਾਂ ਦੇ ਸੰਜੋਗ ਤੋਂ ਬਣੇ ਅੱਖਰ ਨੂੰ ਦੁਤ ਅੱਖਰ ਕਿਹਾ ਜਾਂਦਾ ਹੈ। ਦੁਤ ਦੇ ਦੋਵੇਂ ਅੱਖਰ ਇਕੱਠੇ ਰਲ ਕੇ ਬੋਲਦੇ ਹਨ, ਉਨ੍ਹਾਂ ਵਿਚਕਾਰ ਲਗ ਕੋਈ

---

*ਇਤਿਹਾਸਕ ਕਾਰਨਾਂ ਕਰਕੇ ਅਜ ਇਹ ਅਸੂਲ ਉਨਾ ਠੀਕ ਨਹੀਂ। ਦੂਜੀਆਂ ਉਪ ਭਾਖਾਵਾਂ ਨੂੰ ਵੀ ਸਾਹਮਣੇ ਰਖਣਾ ਹੋਵੇਗਾ। ਵਰਤਮਾਨ ਪੰਜਾਬ ਵਿਚ ਮਲਵਈ ਬੋਲੀ ਦਾ ਖਿਤਾ, ਕਿਤੇ ਵਧ ਹੈ। —ਸੰਪਾਦਕ

Digitized by Panjab Digital Library | www.panjabdigilib.org

ਨਹੀਂ ਬੋਲਦੀ, ਜਿਵੇਂ 'ਪ੍ਰਭੂ, ਪਤ੍ਰ, ਸ੍ਰੀਮਾਨ'। 'ਦੁਰਲਭ', 'ਕਿਰਪਾ' ਨੂੰ 'ਦੁਰ੍ਲਭ, ਕ੍ਰਿਪਾ' ਲਿਖਣਾ ਗ਼ਲਤ ਹੈ।

ਦੁੱਤ ਅੱਖਰ ਅਸਲ ਵਿਚ ਸੰਸਕ੍ਰਿਤ ਤੇ ਹਿੰਦੀ ਵਿਚ ਵਰਤੇ ਜਾਂਦੇ ਹਨ, ਪੰਜਾਬੀ ਵਿਚ ਇਨ੍ਹਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ. ਪੰਜਾਬੀ ਦਾ ਕੁਦਰਤੀ ਉਚਾਰਣ ਆਮ ਕਰਕੇ ਦੁੱਤ ਅੱਖਰਾਂ ਦੀ ਵਰਤੋਂ ਦੇ ਵਿਰੁਧ ਹੈ। ਪਰ ਕਈ ਹਿੰਦੀ ਸੰਸਕ੍ਰਿਤ ਪੜ੍ਹੇ ਹੋਏ ਸੱਜਣ ਆਪਣੀ ਵਿਦਵਤਾ ਦਾ ਵਿਖਾਵਾ ਕਰਨ ਲਈ, ਅਤੇ ਅੱਜ ਕਲ੍ਹ ਦੇ ਕੁਝ ਭੱਦਰ ਪੁਰਸ਼ ਭਾਰਤ ਸਰਕਾਰ ਦੇ ਹਿੰਦੀ ਹਠਧਰਮੀਆਂ ਦੇ ਆਸ਼ੇ, ਇਸ਼ਾਰੇ ਅਧੀਨ, ਪੰਜਾਬੀ ਦੇ ਸੁਭਾ ਦੀ ਪਰਵਾਹ ਨਾ ਕਰਦੇ ਹੋਏ ਦੁੱਤ ਅੱਖਰਾਂ ਦੀ ਵਰਤੋਂ ਕਰਦੇ ਤੇ ਪਰਚਾਰਦੇ ਹਨ। ਅਜੇਹਾ ਕਰਨਾ ਠੀਕ ਨਹੀਂ। ਸੰਸਕ੍ਰਿਤ ਤੋਂ ਆਏ ਸ਼ਬਦ ਪੰਜਾਬੀ ਵਿਚ ਸਿੱਧਾ ਸਾਦਾ ਪੰਜਾਬੀ ਉਚਾਰਣ ਅਪਣਾ ਲੈਂਦੇ ਹਨ, ਜਿਸ ਵਿਚ ਦੁੱਤ ਲਈ ਕੋਈ ਥਾਂ ਨਹੀਂ ਹੁੰਦੀ. ਜਿਵੇਂ "ਸੰਸਕ੍ਰਿਤ ਦੇ ਸ਼ਬਦ 'ਮੰਤ੍ਰ, ਭ੍ਰਮ, ਵਿਦ੍ਵਾਨ, ਸ੍ਵਰੂਪ," ਪੰਜਾਬੀ ਵਿਚ 'ਮੰਤਰ, ਭਰਮ, ਵਿਦਵਾਨ, ਸਰੂਪ' ਬਣ ਜਾਂਦੇ ਹਨ ਤੇ ਇਸੇ ਰੂਪ ਵਿਚ ਲਿਖਣੇ ਚਾਹੀਦੇ ਹਨ।

'ਰ' ਦੀ ਪੈਰ ਵਰਤੋਂ ਹੇਠ ਲਿਖੇ ਸ਼ਬਦਾਂ ਵਿਚ ਠੀਕ ਮੰਨੀ ਗਈ ਹੈ:—ਅੰਮ੍ਰਿਤ, ਸੰਸਕ੍ਰਿਤ, ਸ੍ਰੀ ਮਾਨ, ਗ੍ਰੰਥ (ਪਰ ਗਰੰਥ ਵੀ ਲਿਖਦੇ ਹਨ), ਪ੍ਰਭ, ਪ੍ਰਭੂ, ਪ੍ਰੈਸ, ਪ੍ਰੀਤ, ਪ੍ਰੇਮ, ਪ੍ਰਿੰਟਰ, ਪ੍ਰਿੰਸੀਪਲ, ਬ੍ਰਹਮ, ਪ੍ਰਿਤਪਾਲ, ਭ੍ਰਿਸ਼ਟ।

ਪਰ ਹੇਠ ਲਿਖੇ ਸ਼ਬਦਾਂ ਵਿਚ 'ਰ' ਦੀ ਪੈਰੀਂ ਵਰਤੋਂ ਠੀਕ ਨਹੀਂ, ਕਿਉਂਕਿ ਇਨ੍ਹਾਂ ਦਾ ਪੰਜਾਬੀ ਉਚਾਰਣ ਬਿਲਕੁਲ ਸਪਸ਼ਟ ਹੈ:—

ਆਦਰਸ਼, ਇਕੱਤਰ, ਇੰਦਰ, ਸਕੱਤਰ, ਸਮੱਗਰੀ, ਸਰਕਾਰ, ਸਰੀਰ, ਸਰਦਾਰ, ਸੁੰਦਰ, ਸੁਰਿੰਦਰ, ਸੂਤਰ, ਕਿਰਪਾ, ਕਿਰਿਆ, ਕਰਮ, ਚੱਕਰ, ਚੰਦਰਾ, ਚਿੱਤਰ, ਜੰਤਰ, ਜਮਾਂਦਰੂ, ਤਰਕਾਲਾਂ, ਤਰੀਮਤ, ਦਲਿੱਦਰ, ਨੰਬਰ, ਨਿੱਗਰ, ਪੱਤਰ, ਪਤਰਕਾ, ਪੱਤਰਾ, ਪਰਸ਼ਾਦ, ਪਰਸੰਨ, ਪਰਕਾਸ਼, ਪਰਕਾਰ, ਪਰਗਟ, ਪਰਤੱਖ, ਪਰਤੀਤ, ਪਰਥਾਇ, ਪਰਧਾਨ, ਪਰਮਾਣ, ਪਰਮਾਰਥ, ਪਰਮੇਸਰ, ਪਰਵਾਨ, ਪਰਵੇਸ਼, ਪਰਾਪਤ, ਪਵਿੱਤਰ, ਪੁੱਤਰ, ਬਿਸਰਾਮ, ਭਰਮ, ਮੰਤਰ, ਮਿਸਤਰੀ, ਮਿੱਤਰ, ਮਿੱਤਰਤਾ, ਵਚਿੱਤਰ।

'ਹ' ਦੀ ਪੈਰ ਵਰਤੋਂ ਖਾਸ ਕਰਕੇ 'ਨ, ਮ, ਰ, ਲ, ਤੇ ੜ' ਨਾਲ ਹੁੰਦੀ ਹੈ; ਜਿਵੇਂ— ਉਨ੍ਹਾਂ, ਇਨ੍ਹਾਂ, ਸੰਨ੍ਹ, ਸਾਨ੍ਹ, ਕੰਨ੍ਹ, ਗੁੰਨ੍ਹ, ਜਿਨ੍ਹਾਂ, ਬੰਨ੍ਹ, ਰਿੰਨ੍ਹ, ਜਮ੍ਹਾਂ, ਥੰਮ੍ਹ, ਨਿੰਮ੍ਹਾ, ਗਰ੍ਹਨਾ, ਚਰ੍ਹ, ਤਰ੍ਹਾਂ, ਪਰ੍ਹੇ, ਵਰ੍ਹਨਾ, ਵਰ੍ਹਾ, ਵਰ੍ਹੀਹਣਾ, ਸਿੱਲ੍ਹ, ਖੁੱਲ੍ਹ, ਖੋਲ੍ਹ, ਗੱਲ੍ਹ, ਚੁੱਲ੍ਹਾ, ਜਿਲ੍ਹਣ, ਠੱਲ੍ਹਣਾ, ਠੇਲ੍ਹਣਾ, ਬੁੱਲ੍ਹ, ਸੂੜ੍ਹੀ, ਕੜ੍ਹਕਾ, ਗੜ੍ਹ, ਚੜ੍ਹਨਾ, ਜੜ੍ਹ, ਤਿੜ੍ਹ, ਥੜ੍ਹਾ, ਥੋੜ੍ਹਾ, ਪੜ੍ਹਨਾ, ਮੁੜ੍ਹਕਾ, ਮੜ੍ਹੀ, ਰੁੜ੍ਹਨਾ।

(3) **ਬਿੰਦੀ ਤੇ ਟਿੱਪੀ** :—ਇਨ੍ਹਾਂ ਦੀ ਵਰਤੋਂ ਬਾਰੇ ਹੇਠ ਲਿਖੀਆਂ ਗੱਲਾਂ ਚੇਤੇ ਰੱਖਣ ਦੀ ਲੋੜ ਹੈ :—(ੳ) ਅੱਖਰ 'ੳ' ਨਾਲ ਬਿੰਦੀ ਹੀ ਲੱਗਦੀ ਹੈ, ਜਿਵੇਂ ਉਂਗਲ, ਬਤਾਊਂ, ਊਂਧੀ, ਲਾਗਿਓਂ। (ਅ) ਹੋਰਨਾਂ ਅੱਖਰਾਂ ਨਾਲ ਇਨ੍ਹਾਂ ਦੀ ਵਰਤੋਂ ਇਉਂ ਹੁੰਦੀ ਹੈ—ਮੁਕਤੇ, ਸਿਹਾਰੀ, ਔਂਕੜ ਤੇ ਦੁਲੈਂਕੜੇ ਨਾਲ ਟਿੱਪੀ ਲਗਦੀ ਹੈ, ਤੇ ਬਾਕੀ ਦੀਆਂ ਲਗਾਂ (ਕੰਨਾ, ਬਿਹਾਰੀ,

Digitized by Panjab Digital Library | www.panjabdigilib.org

ਲਾਂ, ਦੁਲਾਈਆਂ, ਹੋੜਾ, ਕਨੌੜਾ) ਨਾਲ ਬਿੰਦੀ ਲਗਦੀ ਹੈ, ਜਿਵੇਂ :—'ਖੰਡ, ਪਿੰਡ, ਮੁੰਡਾ, ਖੂੰਡਾ, ਆਂਦਰ, ਪੀਂਘ, ਗੇਂਦ, ਸੈਂਕੜਾ, ਹੈਂਕੜ, ਚੋਂਦਾ, ਔਂਤਰਾ।'

(4) **ਅੱਧਕ** :—(ੳ) ਜਿਸ ਅੱਖਰ ਉਪਰ ਅਧਕ ਲੱਗੀ ਹੋਵੇ, ਉਸ ਤੋਂ ਅਗਲੇ ਅਖਰ ਦੀ ਆਵਾਜ਼ ਦੂਹਰੀ ਬੋਲਦੀ ਹੈ, ਜਿਵੇਂ—ਅੱਖਰ (ਅਖ-ਖਰ), ਲੱਗੀ (ਲੱਗ-ਗੀ)। ਅਧਕ ਕੇਵਲ ਛੋਟੀ ਅਵਾਜ਼ ਵਾਲੀਆਂ ਲਗਾਂ (ਮੁਕਤਾ, ਸਿਹਾਰੀ, ਔਂਕੜ) ਵਾਲੇ ਅੱਖਰਾਂ ਨਾਲ ਹੀ ਲੱਗਦੀ ਹੈ, ਜਿਵੇਂ—ਕੱਚਾ, ਤਿੱਖਾ, ਸੁੱਕਾ। ਲੰਮੀਆਂ ਲਗਾਂ ਨਾਲ ਅਧਕ ਲਾਉਣੀ ਠੀਕ ਨਹੀਂ। (ਅ) ਅਨੁਨਾਸਕ ਅੱਖਰਾਂ ਨਾਲ ਜੇ ਅਧਕ ਦੀ ਲੋੜ ਜਾਪੇ, ਤਾਂ ਟਿੱਪੀ ਲਾਈ ਜਾਂਦੀ ਹੈ, ਜਿਵੇਂ—ਮੁੰਞਾ, ਕੰਨਾ, ਜੰਮਣਾ, ਵੰਙਾਂ। (ੲ) ਅੰਗਰੇਜ਼ੀ ਅਖਰ e ਦੀ ਛੋਟੀ ਅਵਾਜ਼ (get ਵਾਲੀ) ਪਰਗਟ ਕਰਨ ਲਈ ਦੁਲਾਈਆਂ ਦੇ ਨਾਲ ਅਧਕ ਵਰਤ ਲਈ ਜਾਂਦੀ ਹੈ, ਜਿਵੇਂ—ਸੈੱਟ, ਹੈੱਡਮਾਸਟਰ।

ਅਧਕ ਦੇ ਹੋਣ ਜਾਂ ਨਾ ਹੋਣ ਨਾਲ ਅਰਥਾਂ ਵਿਚ ਫਰਕ ਪੈ ਜਾਂਦਾ ਹੈ, ਜਿਵੇਂ—ਸਕਾ-ਸੱਕਾ, ਸੁਕਾ-ਸੁੱਕਾ, ਸਦਾ-ਸੱਦਾ, ਹਟ-ਹੱਟੀ, ਗਲ-ਗੱਲ, ਜਤ-ਜੱਤ, ਬਚਾ-ਬੱਚਾ, ਮਿਟੀ-ਮਿੱਟੀ, ਰਸਾ-ਰੱਸਾ, ਵਗ-ਵੱਗ, ਪਿਤਾ-ਪਿੱਤਾ, ਪਤਾ-ਪੱਤਾ।

(5) **'ਹ' ਦੀ ਵਰਤੋਂ** :—(ੳ) ਜੇ 'ਹ' ਤੋਂ ਪਹਿਲੇ ਅੱਖਰ ਦੀ ਅਵਾਜ਼ ਲਾਂ ਵਾਲੀ (ਸੇ, ਮੇ) ਹੋਵੇ, ਤਾਂ ਲਾਂ ਦੀ ਥਾਂ ਆਮ ਤੌਰ 'ਤੇ ਸਿਹਾਰੀ ਲਾਈ ਜਾਂਦੀ ਹੈ, ਜਿਵੇਂ—ਸਿਹਤ, ਸਿਹਰਾ, ਕਿਹੜਾ, ਚਿਹਰਾ, ਜਿਹੜਾ, ਮਿਹਣਾ, ਮਿਹਨਤ, ਮਿਹਰਬਾਨ, ਵਿਹਲ, ਵਿਹੜਾ। ਪਰ 'ਅਜੇਹਾ, ਬੇਹਾ, ਕੇਹਾ, ਖੇਹ, ਦੇਹ, ਡੇਹ, ਰੇਹ, ਛੇਹ' ਜੋੜ ਸ਼ੁੱਧ ਮੰਨੇ ਜਾਂਦੇ ਹਨ।

(ਅ) ਜੇ 'ਹ' ਤੋਂ ਪਹਿਲੇ ਅੱਖਰ ਦੀ ਅਵਾਜ਼ ਦੁਲਾਈਆਂ ਵਾਲੀ (ਸੈ, ਕੈ) ਹੋਵੇ, ਤਾਂ ਉਹ ਅੱਖਰ ਮੁਕਤਾ ਲਿਖਿਆ ਜਾਂਦਾ ਹੈ ਤੇ 'ਹ' ਨੂੰ ਸਿਹਾਰੀ ਲਾਈ ਜਾਂਦੀ ਹੈ, ਜਿਵੇਂ—ਇਕਹਿਰਾ, ਸਹਿਕਣਾ, ਸਹਿਣਾ, ਸਹਿਤ, ਸ਼ਹਿਰ, ਸੁਨਹਿਰਾ, ਕਹਿਣਾ, ਕਹਿੰਦਾ, ਕਹਿਰ, ਖਹਿਣਾ, ਗਹਿਣਾ, ਜ਼ਹਿਰ, ਟਹਿਲ, ਠਹਿਰ, ਡਹਿਣਾ, ਢਹਿਣਾ, ਤਹਿਤ, ਦਸਹਿਰਾ, ਨਹਿਰ, ਨਹਿਲਾ, ਪਹਿਨਣਾ, ਪਹਿਰ, ਪਹਿਲਾ, ਬਹਿਣਾ, ਮਹਿਕ, ਮਹਿੰਦੀ, ਮਹਿਰਾ, ਰਹਿਣਾ, ਰਹਿਤ, ਲਹਿਣਾ, ਲਹਿੰਦਾ, ਲਹਿਰ, ਵਹਿਮ, ਵਹਿੜਕਾ।

ਇਹ ਜੋੜ ਮੁਢ-ਕਦੀਮਾਂ ਤੋਂ ਚਾਲੂ ਆ ਰਹੇ ਹਨ, ਪਰ ਅੱਜ ਕੱਲ੍ਹ ਕੁਝ ਸੱਜਣ ਹਿੰਦੀ ਹਠਧਰਮੀਆਂ ਨੂੰ ਖ਼ੁਸ਼ ਕਰਨ ਲਈ 'ਹ' ਨਾਲੋਂ ਸਿਹਾਰੀ ਉਡਾ ਰਹੇ ਹਨ ਤੇ ਪੰਜਾਬੀ ਸ਼ਬਦਾਂ ਨੂੰ ਹਿੰਦੀ ਰੂਪ ਦੇ ਰਹੇ ਹਨ। ਇਹ ਵਰਤਾਰਾ ਠੀਕ ਨਹੀਂ।

(ੲ) ਜੇ 'ਹ' ਤੋਂ ਪਹਿਲੇ ਅੱਖਰ ਦੀ ਅਵਾਜ਼ ਕਨੌੜੇ ਵਾਲੀ (ਔ, ਸੌ) ਹੋਵੇ, ਤਾਂ ਉਹ ਅੱਖਰ ਮੁਕਤਾ ਲਿਖ ਕੇ 'ਹ' ਨੂੰ ਔਂਕੜ ਲਾਇਆ ਜਾਂਦਾ ਹੈ, ਜਿਵੇਂ—ਅਹੁਰ, ਸਹੁਰਾ, ਸਹੁੰ, ਖਹੁਰ, ਗਹੁ, ਚਹੁਰਾ, ਚਹੁੰ, ਨਹੁੰ, ਪਹੁ, ਪਤਿਅਹੁਰਾ, ਬਹੁਤ, ਬਹੁੜਨਾ, ਮਹੁਰਾ, ਰਹੁ, ਵਹੁਟੀ, ਬਹੁ-ਲਤਾ, ਬਹੁਕਰ।

(6) **ਸ ਤੇ ਸ਼** :—'ਉਤਸਾਹ, ਇਸਨਾਨ, ਦੇਸ, ਜੱਸ, ਪਸੂ, ਸੁੱਧ, ਕੇਸ, ਵੇਸ, ਸਿਖਰ, ਸੀਤ, ਸੀਤਲ, ਸਬਦ-ਜੋੜ ਪੰਜਾਬੀ ਉਚਾਰਨ ਅਨੁਸਾਰ ਹਨ ਤੇ ਸੁੱਧ ਹਨ, ਇਨ੍ਹਾਂ ਨੂੰ ਉਤਸ਼ਾਹ, ਇਸ਼ਨਾਨ, ਦੇਸ਼, ਯੱਸ਼, ਕੇਸ਼, ਸ਼ੁੱਧ, ਪਸ਼ੂ, ਸ਼ੀਤ, ਸ਼ੀਤਲ, ਲਿਖਣਾ ਗ਼ਲਤ ਹੈ।

Digitized by Panjab Digital Library | www.panjabdigilib.org

(੭) 'ਕਿਹਾ, ਗਿਆ, ਪਿਆ, ਰਿਹਾ, ਲਿਆ' ਨੂੰ 'ਕਹਿਆ, ਗਇਆ, ਪਇਆ, ਰਹਿਆ, ਲਇਆ, ਲਿਖਣਾ ਮੁੱਢ ਤੋਂ ਪਰਚਲਤ ਰਿਵਾਜ਼ ਤੇ ਉਚਾਰਣ ਦੇ ਉਲਟ ਹੈ ਤੇ ਗਲਤ ਹੈ। ਪੰਜਾਬੀ ਨੂੰ ਹਿੰਦੀਆਉਣ 'ਤੇ ਤੁਲੇ ਹੋਏ ਮਿੱਤਰ, ਇਨ੍ਹਾਂ ਜੋੜਾਂ ਦਾ ਪਰਚਾਰ ਤੇ ਵਰਤੋਂ ਕਰ ਰਹੇ ਹਨ, ਜੋ ਠੀਕ ਨਹੀਂ।

(੮) ਣ ਤੇ ਨ :—(ੳ)—ਪੰਜਾਬੀ ਭਾਵਾਰਥ ਦੇ ਅੰਤ ਵਿਚ ਆਮ ਤੌਰ 'ਤੇ 'ਣ' ਆਉਂਦਾ ਹੈ, ਜਿਵੇਂ—ਉੱਗਣਾ, ਉਠਣਾ, ਆਉਣਾ, ਆਖਣਾ, ਸੁੱਕਣਾ, ਸਿੱਖਣਾ, ਕੱਢਣਾ, ਖਾਣਾ, ਖਿਸਕਣਾ, ਗੱਜਣਾ, ਘਰਕਣਾ, ਜਾਪਣਾ, ਡਿਗਣਾ, ਥੱਕਣਾ, ਪੱਕਣਾ, ਬੁਝਣਾ, ਭਿਜਣਾ, ਰਿੰਨ੍ਹਣਾ, ਲਿਫਣਾ, ਵਿਲਕਣਾ।

(ਅ) ਪਰ ਜੇ ਭਾਵਾਰਥ ਦੀ ਨਿਸ਼ਾਨੀ ਤੋਂ ਪਹਿਲਾਂ (ਧਾਤੂ ਦਾ ਅੰਤਲਾ ਅੱਖਰ) 'ਣ, ਰ, ਰ੍ਹ, ੜ, ਜਾਂ ੜ੍ਹ' ਮੁਕਤਾ ਹੋਵੇ, ਤਾਂ 'ਨ' ਵਰਤਿਆ ਜਾਂਦਾ ਹੈ, ਜਿਵੇਂ—ਗਿਣਨਾ, ਸੁਣਨਾ, ਜਾਣਨਾ, ਚੁਣਨਾ, ਬਣਨਾ, ਮਿਣਨਾ, ਕਰਨਾ, ਜਰਨਾ, ਵਰ੍ਹਨਾ, ਸੜਨਾ, ਲੜਨਾ, ਕੜ੍ਹਨਾ, ਪੜ੍ਹਨਾ।

(ੲ) ਉਰਦੂ ਆਦਿ ਦੀ ਰੀਸੇ ਹੇਠ ਲਿਖੇ ਸ਼ਬਦਾਂ ਵਿਚ 'ਣ' ਦੀ ਥਾਂ 'ਨ' ਦੀ ਵਰਤੋਂ ਕਰਨੀ ਗ਼ਲਤ ਹੈ—ਆਪਣਾ, ਸੰਮਣ, ਸੁਹਾਗਣ, ਕਹਾਣੀ, ਖਾਣਾ ਪੀਣਾ, ਚੱਪਣੀ, ਛਾਉਣੀ, ਟਿਕਾਣਾ, ਦਾਣਾ, ਦਾਤਣ, ਪਠਾਣ, ਪਾਣੀ, ਪੁਰਾਣਾ, ਬਣਾਉਟੀ, ਮੱਖਣ, ਰੌਣਕ, ਵਿਛੌਣਾ।

(ਸ) ਨਖੇਧ ਰੂਪ ਲਈ ਅਗੇਤਰ 'ਅਣ' ਹੀ ਵਰਤਣਾ ਠੀਕ ਹੈ, ਜਿਵੇਂ—ਅਣਸੁਣਿਆ, ਅਣਕਥਿਆ, ਅਣਗਿਣਤ, ਅਣਗੁੰਧਾ, ਅਣਘੜਤ, ਅਣਚਾਹਿਆ, ਅਣਛੁਹਿਆ, ਅਣਛਪਿਆ, ਅਣਜਾਣ, ਅਣਜੋਖਿਆ, ਅਣਡਿਠਾ, ਅਣਤੋਲਿਆ, ਅਣਥੱਕ, ਅਣਧੋਤਾ, ਅਣਪੜ੍ਹ, ਅਣ-ਪੁਛਿਆ, ਅਣਬੋਲਿਆ, ਅਣਭਿਟਿਆ, ਅਣਮਿਣਿਆ।

(੯) ਯ ਦੀ ਵਰਤੋਂ :—ਹਿੰਦੀ ਤੇ ਸੰਸਕ੍ਰਿਤ ਪੜ੍ਹੇ ਹੋਏ ਲਿਖਾਰੀ 'ਯ' ਦੀ ਵਰਤੋਂ ਬਾਰੇ ਬਹੁਤ ਟਪਲਾ ਖਾ ਜਾਂਦੇ ਹਨ। ਪੰਜਾਬੀ ਵਿਚ ਇਕ ਅੱਖਰ ਦੀ ਇਕੋ ਅਵਾਜ਼ ਹੁੰਦੀ ਹੈ। 'ਯ' ਦੀ ਵਰਤੋਂ ਕੇਵਲ ਵਿਅੰਜਨ ਦੇ ਤੌਰ 'ਤੇ ਹੀ ਠੀਕ ਹੈ, ਇਸ ਦੀ 'ਸੁਰੀ' ਵਰਤੋਂ ਨਹੀਂ ਹੁੰਦੀ। 'ਯ' ਦੀ ਵਰਤੋਂ ਦੇ ਕੁਝ ਨੇਮ ਤੇ ਮਿਸਾਲਾਂ ਹੇਠਾਂ ਦਿਤੀਆਂ ਜਾਂਦੀਆਂ ਹਨ :—

(ੳ) ਸੰਸਕ੍ਰਿਤ ਸ਼ਬਦਾਂ ਦਾ ਅੰਤਲਾ 'ਯ' ਪੰਜਾਬੀ ਵਿਚ ਡਿਗ ਜਾਂਦਾ ਹੈ ਜਾਂ ਸੁਰ (ਲਗ) ਵਿਚ ਬਦਲ ਜਾਂਦਾ ਹੈ; ਜਿਵੇਂ :—ਸਮਯ—ਸਮਾਂ; ਸਰਬਗ੍ਯ—ਸਰਬੱਗ, ਸੁਨਯ—ਸੁੰਨ; ਹਿਮਾਲਯ—ਹਿਮਾਲਾ; ਹ੍ਰਿਦਯ—ਹਿਰਦਾ; ਖਯ—ਖੈ; ਜਯ—ਜੈ; ਪੂਜਯ—ਪੂਜ; ਭਾਗਯ—ਭਾਗ; ਮਧਯ—ਮੱਧ; ਯਗਯ—ਜੱਗ; ਜਯ—ਜੈ; ਭਯ—ਭੈ, ਭਉ; ਵਾਕਯ—ਵਾਕ; ਵਿਸ਼ਯ—ਵਿਸ਼ਾ; ਵਿਦਿਆਲਯ—ਵਿਦਿਆਲਾ।

(ਅ) ਸੰਸਕ੍ਰਿਤ ਸਬਦਾਂ ਦਾ ਵਿਅੰਜਣ 'ਯ' ਪੰਜਾਬੀ ਵਿਚ ਆਮ ਕਰ ਕੇ 'ਜ' ਹੋ ਜਾਂਦਾ ਹੈ; ਜਿਵੇਂ :—ਅਸਚਰਯ—ਅਸਚਰਜ, ਸੂਰਯ—ਸੂਰਜ, ਯੱਸ਼—ਜੱਸ, ਯੱਗਯ—ਜੱਗ, ਯਤਨ—ਜਤਨ, ਯੰਤ੍ਰ—ਜੰਤਰ, ਯਮ—ਜਮ, ਯਾਚਕ—ਜਾਚਕ, ਯਾਤਰਾ—ਜਾਤਰਾ, ਯੁਕਤਿ—ਜੁਗਤੀ, ਜੁਗਤ, ਯੁੱਧ—ਜੁੱਧ, ਯੋਧਾ—ਜੋਧਾ, ਵਿਯੋਗ—ਵਿਜੋਗ, ਵੀਰਯ—ਵੀਰਜ।

Digitized by Panjab Digital Library | www.panjabdigilib.org

(ਦ) ਸੁਰ 'ਯ' ਨੂੰ ਪੰਜਾਬੀ 'ਇ+ਅ', 'ਇ+ਉ' ਵਿਚ ਬਦਲ ਕੇ ਵਰਤਿਆ ਜਾਂਦਾ ਹੈ; ਜਿਵੇਂ :—ਅਭਯਾਸ—ਅਭਿਆਸ, ਆਯਾ—ਆਇਆ, ਆਗਯਾ—ਆਗਿਆ, ਕਯੋਂ—ਕਿਉਂ, ਕਯਾਰਾ—ਕਿਆਰਾ, ਗਯਾ—ਗਿਆ, ਪਯਾਰਾ—ਪਿਆਰਾ, ਮਾਯਾ—ਮਾਇਆ, ਵਯਾਪਿਕ—ਵਿਆਪਕ, ਵਿਗਯਾਨ—ਵਿਗਿਆਨ, ਵਿਦਯਾ—ਵਿਦਿਆ।

(10) ਸੰਸਕ੍ਰਿਤ ਸ਼ਬਦਾਂ ਜਾਂ ਸ਼ਬਦਾਂਗਾਂ ਦੀ ਅੰਤਲੀ ਸਿਹਾਰੀ ਪੰਜਾਬੀ ਵਿਚ ਜਾਂ ਤਾਂ ਉੱਕੀ ਹੀ ਹੱਟ ਜਾਂਦੀ ਹੈ, ਜਾਂ ਬਿਹਾਰੀ ਬਣ ਜਾਂਦੀ ਹੈ; ਜਿਵੇਂ :—ਅਤਿਸਾਰ—ਅਤੀਸਾਰ, ਅਭਿਮਾਨ—ਅਭਮਾਨ; ਸੁਕਤਿ—ਸ਼ਕਤੀ; ਗਤਿ—ਗਤੀ; ਹਰਿ—ਹਰੀ, ਹਰ; ਬੁੱਧਿ—ਬੁੱਧੀ, ਬੁੱਧ; ਪਰਿਵਾਰ—ਪਰਵਾਰ; ਪ੍ਰਤਿ—ਪਰਤੀ; ਪਰਿਸ਼ਦ—ਪਰੀਸ਼ਦ; ਪ੍ਰਤਿਨਿਧਿ—ਪ੍ਰਤੀਨਿਧ।

(11) ਹਿੰਦੀ, ਉਰਦੂ ਆਦਿ ਤੋਂ ਆਏ ਤੇ ਪੰਜਾਬੀ ਦੇ ਸੁਭਾ ਅਨੁਸਾਰ ਢਲ ਕੇ ਪੰਜਾਬੀ ਬਣ ਚੁਕੇ ਕਈ ਸ਼ਬਦਾਂ ਨੂੰ ਉਹਨਾਂ ਦੇ ਮੁੱਢਲੇ ਰੂਪਾਂ ਅਨੁਸਾਰ ਲਿਖਣ ਦੀ ਰੁੱਚੀ ਜੋ ਤੁਰ ਪਈ ਹੈ, ਠੀਕ ਨਹੀਂ। 'ਸਭ, ਸਾਮ੍ਹਣੇ, ਸੁਫਣਾ, ਸੈਨਾ, ਹੰਕਾਰ, ਹਨੇਰ, ਹਨੇਰਾ, ਹੁਦਾਰ, ਕਿਲ੍ਹਾ, ਖੁੱਲ੍ਹ, ਖੋਲ੍ਹ, ਝੂਠ, ਠੰਡ, ਥੋੜ੍ਹਾ, ਧੰਧਾ, ਧੁੰਧ, ਭੱਠੀ, ਨੀਲ੍ਹਾ' ਨੂੰ 'ਸਬ, ਸਾਮਣੇ, ਸੁਫਨਾ, ਸੇਨਾ, ਅਹੰਕਾਰ, ਅਨ੍ਹੇਰ (ਅੰਧੇਰ), ਅਨ੍ਹੇਰਾ (ਅੰਧੇਰਾ), ਉਧਾਰ, ਕਿਲਾ, ਖੁੱਲ, ਖੋਲ, ਝੂਠ, ਠੰਡ, ਥੋੜਾ, ਧੰਦਾ, ਧੁੰਦ, ਭੱਟੀ, ਲੀਲਾ' ਲਿਖਣਾ ਠੀਕ ਨਹੀਂ।

(12) ਜਦ ਕਿਸੇ ਧਾਤੂ ਦੇ ਮਗਰ 'ਕੇ' ਲਾ ਕੇ ਪੂਰਬ-ਪੂਰਨ ਕਾਰਦੰਤਕ ਬਣਾਉਣਾ ਹੋਵੇ, ਅਰਥਾਤ ਜਦੋਂ ਕਹਿਣਾ ਹੋਵੇ ਕਿ ਪਹਿਲਾਂ ਇਕ ਕੰਮ ਕੀਤਾ ਗਿਆ ਤੇ ਫਿਰ ਦੂਜਾ, ਤਾਂ ਦੋਹਾਂ ਨੂੰ ਵੱਖ ਵੱਖ ਲਿਖਣਾ ਚਾਹੀਦਾ ਹੈ, ਜੋੜ ਕੇ ਨਹੀਂ, ਜਿਵੇਂ ਖ਼ਾ ਕੇ, ਕਰ ਕੇ, ਸੜ ਕੇ। 'ਕੇ' ਨੂੰ ਵੱਖ ਜੋੜ ਕੇ ਲਿਖਣ ਨਾਲ ਕਈ ਵੇਰ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ; ਜਿਵੇਂ ਸੜ ਕੇ—ਸੜਕੇ (ਹਟੀ ਸੜ ਕੇ ਸੁਆਹ ਹੋ ਗਈ, ਸੜਕੇ ਸੜਕ ਤੁਰੇ ਜਾਓ), ਕਰ ਕੇ, ਕਰਕੇ (ਇਹ ਕੰਮ ਕਰ ਕੇ ਤੁਸਾਂ ਛੁੱਟੀ ਕਰ ਲੈਣੀ, ਬਿਮਾਰ ਹੋਣ ਕਰਕੇ ਉਹ ਹਾਜ਼ਰ ਨਹੀਂ ਹੋਇਆ)। ਇਸੇ ਤਰ੍ਹਾਂ, ਹੋ ਕੇ—ਹੋਕੇ, ਖਟ ਕੇ—ਖਟਕੇ, ਖਾ ਕੇ—ਖਾਕੇ, ਫਿਰ ਕੇ—ਫਿਰਕੇ, ਰੋ ਕੇ—ਰੋਕੇ, ਲੜ ਕੇ—ਲੜਕੇ, ਲੜਾ ਕੇ—ਲੜਾਕੇ।

ਕਹਾਣੀ ਸੰਗ੍ਰਹਿ

ਪਰਿਸਥਿਤੀਆਂ

ਜੋਗਿੰਦਰ ਸਿੰਘ ਨਿਰਾਲਾ ਲਿਖਤ, ਪੜ੍ਹੋ

Digitized by Panjab Digital Library | www.panjabdigilib.org

PL-0167
Digitized by Panjab Digital Library | www.panjabdigilib.org